ਇਕਾਂਗੀ:-ਨਾਇਕ

ਇਕਾਂਗੀਕਾਰ:- ਗੁਰਸ਼ਰਨ ਸਿੰਘ

ਪੁੱਤਰ

ਜਾਣ ਪਛਾਣ :- ਪੁੱਤਰ 'ਨਾਇਕ' ਇਕਾਂਗੀ ਦਾ ਮੁੱਖ ਪਾਤਰ ਹੈ। ਪੁੱਤਰ ਆਪਣੇ ਪਿਤਾ ਜੋ ਕਿ ਇੱਕ ਅਫ਼ਸਰ, ਇੱਕ ਜੱਜ ਦੇ ਰੂਪ ਵਿੱਚ ਉਸਦੇ ਸਾਹਮਣੇ ਆਉਂਦੇ ਹਨ, ਨਾਲੋਂ ਵੱਖਰੀ ਸੋਚ ਦਾ ਧਾਰਨੀ ਹੈ। ਪਿਤਾ ਨਾਲੋਂ ਵੱਖਰੀ ਸੋਚ ਦਾ ਕਾਰਨ ਪੀੜ੍ਹੀ -ਪਾੜਾ ਵੀ ਹੈ।

ਪੜਿਆ ਲਿਖਿਆ:- ਪੁੱਤਰ ਇੱਕ ਪੜਿਆ ਲਿਖਿਆ ਨੌਜਵਾਨ ਹੈ। ਉਹ ਮੈਟ੍ਰਿਕ ਤੋਂ ਲੈ ਕੇ ਐਮ.ਏ. ਤੱਕ ਫ਼ਸਟ ਕਲਾਸ ਵਿੱਚ ਪਾਸ ਹੁੰਦਾ ਹੈ। ਮੈਟ੍ਰਿਕ ਵਿੱਚ ਉਹ ਜ਼ਿਲ੍ਹੇ ਵਿੱਚੋਂ ਫ਼ਸਟ, ਬੀ.ਏ. ਵਿਚ ਕਾਲਜ਼ ਵਿੱਚੋਂ ਫ਼ਸਟ ਅਤੇ ਐਮ.ਏ. ਵਿੱਚੋਂ ਉਹ ਕਲਾਸ ਵਿੱਚੋਂ ਫ਼ਸਟ ਆਉਂਦਾ ਹੈ। ਉਸਨੂੰ ਆਪਣੀ ਕਾਬਲੀਅਤ ਉੱਤੇ ਪੂਰਾ ਭਰੋਸਾ ਹੈ।

ਸੂਝਵਾਨ:- ਪੁੱਤਰ ਸੂਝਵਾਨ ਨੌਜਵਾਨ ਵਜੋਂ ਸਾਹਮਣੇ ਆਉਂਦਾ ਹੈ। ਉਸਨੂੰ ਸਮਾਜ ਵਿਚਲੇ ਅਫ਼ਸਰਸ਼ਾਹੀ ਅਤੇ ਆਮ ਲੋਕਾਂ ਵਿਚਲੇ ਫ਼ਰਕ ਦੀ ਪੂਰੀ ਸਮਝ ਹੈ।

ਨਵੀਂ ਪੀੜ੍ਹੀ ਦਾ ਪ੍ਰਤੀਨਿਧ:- ਪੁੱਤਰ ਨਵੀਂ ਪੀੜ੍ਹੀ ਦੀ ਪ੍ਰਤੀਨਿਧਤਾ ਕਰਦਾ ਹੈ। ਪਿਤਾ ਨਾਲੋਂ ਵੱਖਰੀ ਸੋਚ ਰੱਖਣਾ ਸੁਭਾਵਿਕ ਹੈ, ਉਹ ਸਿਫਾਰਸ਼ ਨਾਲ ਨੌਕਰੀ ਲੈਣ ਦੇ ਹੱਕ ਵਿੱਚ ਨਹੀਂ ਹੈ।

ਬੇਰੁਜ਼ਗਾਰ:- ਪੁੱਤਰ ਭਾਵੇਂ ਐਮ.ਏ. ਪਾਸ ਹੈ, ਪ੍ਰੰਤੂ ਫਿਰ ਵੀ ਉਸਨੂੰ ਆਪਣੀ ਯੋਗਤਾ ਦੇ ਬਰਾਬਰ ਨੌਕਰੀ ਦੀ ਭਾਲ ਹੈ। ਜਿੱਥੇ ਉਹ ਨੌਕਰੀ ਦੀ ਇੰਟਰਵਿਊ 'ਤੇ ਜਾਂਦਾ ਹੈ, ਉੱਥੇ ਸਿਫਾਰਸ਼ ਨਾ ਹੋਣ ਕਾਰਨ ਉਸਨੂੰ ਵੱਧ ਅੰਕ ਲੈਣ ਤੇ ਵੀ ਨੌਕਰੀ ਨਹੀਂ ਦਿੱਤੀ ਜਾਂਦੀ। ਉਹ ਆਪਣੀ ਯੋਗਤਾ ਅਨੁਸਾਰ ਨੌਕਰੀ ਦੀ ਭਾਲ ਵਿੱਚ ਹੈ।

ਸਮਾਜਿਕ ਤਾਣੇ-ਬਾਣੇ ਤੋਂ ਅਸੰਤੁਸ਼ਟ:- ਪੁੱਤਰ ਸਮਾਜ ਵਿਚਲੇ ਪਾੜੇ ਤੋਂ ਅਸੰਤੁਸ਼ਟ ਹੈ ਕਿਉਂਕਿ ਕਈ ਕਾਬਲ ਲੋਕ ਸਿਫਾਰਸ਼ ਨਾ ਹੋਣ ਕਾਰਨ ਆਪਣੀ ਯੋਗਤਾ ਅਨੁਸਾਰ ਰੁਜ਼ਗਾਰ ਵੀ ਨਹੀਂ ਪ੍ਰਾਪਤ ਕਰ ਸਕਦੇ, ਉੱਥੇ ਦੂਜੇ ਪਾਸੇ ਘੱਟ ਯੋਗਤਾ ਅਤੇ ਸਿਫਾਰਸ਼ ਵਾਲੇ ਲੋਕ ਨੌਕਰੀਆਂ ਪ੍ਰਾਪਤ ਕਰ ਜਾਂਦੇ ਹਨ।

ਤਰਕਵਾਦੀ:- ਪੁੱਤਰ ਆਪਣੀ ਹਰ ਗੱਲ ਤਰਕ ਨਾਲ ਕਰਦਾ ਹੈ, ਭਾਵੇਂ ਉਹ ਆਪਣੇ ਪਿਤਾ ਨਾਲ ਗੱਲ ਕਰ ਰਿਹਾ ਹੋਵੇ , ਭਾਵੇਂ ਅਫ਼ਸਰ ਨਾਲ, ਭਾਵੇਂ ਕਚਹਿਰੀ ਵਿਚਲੇ ਜੱਜ ਨਾਲ।

ਨਿਯਮਾਂ ਦਾ ਪੱਕਾ:- ਪੁੱਤਰ ਆਪਣੇ ਅਸੂਲਾਂ ਦਾ ਪੱਕਾ ਹੈ। ਜਦੋਂ ਇੰਟਰਵਿਊ ਲੈਣ ਵਾਲਾ ਅਫ਼ਸਰ ਉਸਨੂੰ ਸਿਫਾਰਸ਼ ਹੋਣ ਬਾਰੇ ਪੁੱਛਦਾ ਹੈ ਤਾਂ ਉਹ ਕਹਿੰਦਾ ਹੈ, “ ਇਹ ਗੱਲ ਨੌਕਰੀ ਦੀ ਐਡਵਰਟਾਈਜ਼ਮੈਂਟ ਵੇਲੇ ਨਹੀਂ ਸੀ ਲਿਖੀ ਗਈ।“

ਜੋਸ਼ੀਲਾ:- ਇਸ ਇਕਾਂਗੀ ਵਿਚ ਅਸੀਂ ਪੁੱਤਰ ਨੂੰ ਜੋਸ਼ ਨਾਲ ਭਰਿਆ ਹੋਇਆ ਦੇਖਦੇ ਹਾਂ। ਜੱਜ ਦੇ ਸਾਹਮਣੇ ਉਹ ਸਵਾਲਾਂ ਦੇ ਜਵਾਬ ਬੜੇ ਹੀ ਜ਼ੋਸ਼ੀਲੇ ਢੰਗ ਨਾਲ ਦਿੰਦਾ ਹੈ, ਕਿਉਂਕਿ ਉਹ ਸਥਾਪਤ ਸਮਾਜ ਤੋਂ ਸੰਤੁਸ਼ਟ ਨਹੀਂ ਹੈ।

ਫ਼ਿਕਰਮੰਦ:- ਪੁੱਤਰ ਜਦੋਂ ਇੱਕ ਸਾਲ ਦੀ ਸਜ਼ਾ ਭੁਗਤ ਰਿਹਾ ਹੁੰਦਾ ਹੈ ਤਾਂ ਪਿਤਾ ਉਸ ਨੂੰ ਜੇਲ ਵਿਚ ਮਿਲਣ ਆਉਂਦਾ ਹੈ। ਪੁੱਤਰ ਆਪਣੇ ਪਿਤਾ ਦੀ ਡਿਗਦੀ ਸਿਹਤ ਨੂੰ ਦੇਖ ਕੇ ਫ਼ਿਕਰਮੰਦ ਹੁੰਦਾ ਹੈ, ਅਤੇ ਆਪਣੇ ਪਿਤਾ ਨੂੰ ਸਿਹਤ ਦਾ ਧਿਆਨ ਰੱਖਣ ਬਾਰੇ ਕਹਿੰਦਾ ਹੈ।

ਪਿਤਾ ਪ੍ਰਤੀ ਮੋਹ ਨਾਲ ਭਰਿਆ ਹੋਇਆ:- ਇਸ ਇਕਾਂਗੀ ਦੇ ਅੰਤ ਵਿੱਚ ਅਸੀਂ ਦੇਖਦੇ ਹਾਂ ਕਿ ਪੁੱਤਰ ਆਪਣੇ ਪਿਤਾ ਪ੍ਰਤੀ ਮੋਹ ਨਾਲ ਭਰਿਆ ਹੋਇਆ ਹੈ। ਉਹ ਆਪਣੇ ਦਿਲੋਂ ਆਪਣੇ ਪਿਤਾ ਦਾ ਹਮੇਸ਼ਾ ਸਤਿਕਾਰ ਕਰਦਾ ਹੈ,। ਉਸ ਦਾ ਸੰਘਰਸ਼ ਤਾਂ ਪਿਤਾ ਦੇ ਉੱਪਰਲੇ ਖੋਲ ਨਾਲ ਹੈ।

ਸਿਖਿਆਰਥੀ:- ਪੁੱਤਰ ਆਪਣੇ ਜੀਵਨ ਦੀਆਂ ਸਾਰੀਆਂ ਘਟਨਾਵਾਂ ਤੋਂ ਸਿੱਖਦਾ ਰਹਿੰਦਾ ਹੈ। ਇਸੇ ਕਰਕੇ ਉਹ ਆਪਣੇ ਪਿਤਾ ਨੂੰ ਜੇਲ ਵਿਚ ਕਹਿੰਦਾ ਹੈ,"ਇਹ ਥਾਂ ਤਾਂ ਇੱਕ ਯੂਨੀਵਰਸਿਟੀ ਹੈ।"

ਅੰਤ ਵਿੱਚ ਅਸੀਂ ਦੇਖਦੇ ਹਾਂ ਕਿ ਪੁੱਤਰ ਦੇ ਚਰਿੱਤਰ ਵਿੱਚ ਅਨੇਕਾਂ ਗੁਣ ਹਨ ਜੋ ਉਸ ਨੂੰ ਅਸਲ ਜ਼ਿੰਦਗੀ ਦਾ ' ਨਾਇਕ ' ਬਣਾਉਂਦੇ ਹਨ।

ਤਿਆਰ ਕਰਤਾ:- ਰੁਪਿੰਦਰ ਕੌਰ,

ਪੰਜਾਬੀ ਮਿਸਟ੍ਰੈਸ,

ਸਸਸਸ ਮੂਲੇਵਾਲ ਖਹਿਰਾ, ਜਲੰਧਰ।

। । ਫੋਨ:- 9915450401